**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਸਕੂਲ ਮੁਖੀ,
ਪੰਜਾਬ।

**ਮੀਮੋ ਨੰ:** ਸਮੱਗਰਾ/ਸਮਾਰਟ ਸਕੂਲ/2021 85012 ਮਿਤੀ: 09-03-2021

**ਵਿਸ਼ਾ:- ਸਕੂਲਾਂ ਦੇ ਸਥਾਪਨਾ ਵਰ੍ਹੇ ਅਤੇ ਇਤਹਾਸ ਬਾਰੇ ਜਾਣਕਾਰੀ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਸਬੰਧੀ ਵੱਖ-ਵੱਖ ਅਧਿਕਾਰੀਆਂ ਵੱਲੋਂ ਸਕੂਲਾਂ ਦੀ ਵਿਜ਼ਿਟ ਦੌਰਾਨ ਅਤੇ ਹਫਤਾਵਾਰ ਹੋਈ ਰੀਵਿਓ ਮੀਟਿੰਗ ਵਿੱਚ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਬੀ.ਪੀ.ਈ.ਓਜ਼ ਵੱਲੋਂ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਦਾ ਆਪਣਾ ਇਤਹਾਸਿਕ ਪਿਛੋਕੜ ਹੈ। ਇਹਨਾਂ ਸਰਕਾਰੀ ਸਕੂਲਾਂ ਦਾ ਇਤਹਾਸ 100 ਜਾਂ 100 ਸਾਲਾਂ ਤੋਂ ਵੱਧ ਪੁਰਾਣਾ ਹੈ ਅਤੇ ਇਹਨਾਂ ਸਕੂਲਾਂ ਦੀ ਦਿੱਖ ਅੱਜ ਵੀ ਆਕਰਸ਼ਨ ਦਾ ਕੇਂਦਰ ਹੈ। ਕਈ ਉੱਘੀਆਂ ਸ਼ਖਸ਼ੀਅਤਾਂ ਨੇ ਇਹਨਾਂ ਸਰਕਾਰੀ ਸਕੂਲਾਂ ਵਿੱਚ ਵਿੱਦਿਆ ਹਾਸਲ ਕੀਤੀ ਹੈ ਪੰਰਤੂ ਬਹੁਤ ਘੱਟ ਲੋਕਾਂ ਨੂੰ ਇਹਨਾਂ ਸਕੂਲਾਂ ਦੇ ਗੋਰਵਮਈ ਇਤਹਾਸ ਬਾਰੇ ਜਾਣਕਾਰੀ ਹੁੰਦੀ ਹੈ। ਜਿਸ ਕਾਰਨ ਇਹ ਸਕੂਲ ਆਮ ਤੌਰ ਤੇ ਅਣਗੋਲੇ ਰਹਿ ਜਾਂਦੇ ਹਨ। ਇਸ ਸਬੰਧੀ ਜਿਲ੍ਹਾ ਸਿੱਖਿਆ ਅਫਸਰਾਂ, ਬੀ.ਪੀ.ਈ.ਓਜ਼ ਵੱਲੋਂ ਸੁਝਾਅ ਦਿੱਤਾ ਗਿਆ ਕਿ ਅਜਿਹੇ ਸਕੂਲਾਂ ਦੇ ਇਤਹਾਸ ਨੂੰ ਦਰਸਾਉਂਦੇ ਹੋਏ ਸਕੂਲ ਵਿੱਚ display board ਲਗਾਏ ਜਾਣੇ ਚਾਹੀਦੇ ਹੈ ਅਤੇ ਸਕੂਲ ਦੇ ਬਾਹਰ ਸਕੂਲ ਦਾ ਸਥਾਪਨਾ ਵਰ੍ਹਾ ਵੀ ਲਿੱਖਿਆ ਜਾਣਾ ਚਾਹੀਦਾ ਹੈ।

3.0 ਉਕਤ ਸੁਝਾਵਾਂ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਦੇ ਮੁੱਖ ਗੇਟ ਤੇ ਕਿਸੇ ਢੁੱਕਵੀਂ ਥਾਂ ਤੇ ਸਕੂਲ ਦਾ ਸਥਾਪਨਾ ਵਰ੍ਹਾ ਲਿੱਖਿਆ ਜਾਵੇ ਅਤੇ ਸਕੂਲ ਦੇ ਇਤਹਾਸ ਨੂੰ ਦਰਸਾਉਂਦਾ ਹੋਇਆ display board ਵੀ ਲਗਾਇਆ ਜਾਵੇ ਜਿਸ ਤੇ ਉਹਨਾਂ ਮਹਾਨ ਸ਼ਖਸ਼ੀਅਤਾਂ ਦੇ ਨਾਮ ਵੀ ਲਿੱਖੇ ਜਾਣ ਜਿਹਨਾਂ ਨੇ ਇਹਨਾਂ ਸਕੂਲਾਂ ਤੋਂ ਵਿੱਦਿਆ ਹਾਸਲ ਕੀਤੀ ਹੈ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਪਿੱਠ ਅੰਕਣ ਨੰ:** ਸਮੱਗਰਾ/ਸਮਾਰਟ ਸਕੂਲ/2021 ਮਿਤੀ: 09-03-2021

ਉਤਾਰਾ:

1. ਡੀ.ਜੀ.ਐਸ.ਈ., ਪੰਜਾਬ
2. ਡੀ.ਪੀ.ਆਈ. (ਸੈ.ਸਿੱ/ਐ.ਸਿੱ)
3. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ)
4. ਸਮੂਹ ਡੀ.ਐਸ.ਐਮ. ਅਤੇ ਏ.ਸੀ.

**ਸਕੱਤਰ ਸਕੂਲ ਸਿੱਖਿਆ, ਪੰਜਾਬ**